# Thank you for using our service
# ਸਾਡੀ ਸੇਵਾ ਦੀ ਵਰਤੋਂ ਕਰਨ ਲਈ ਧੰਨਵਾਦ

**ਵਿਕਟਿਮ ਸੁਪੋਰਟ ਤੋਂ ਮਿਲਣ ਵਾਲੀ ਜਾਣਕਾਰੀ ਅਤੇ ਸਲਾਹ**
ਸਾਨੂੰ ਆਸ ਹੈ ਕਿ ਵਿਕਟਿਮ ਸੁਪੋਰਟ ਨਾਲ ਰਾਬਤਾ ਕਰਨ ਨਾਲ ਤੁਹਾਨੂੰ ਫ਼ਾਇਦਾ ਹੋਇਆ ਹੈ।

ਸਾਨੂੰ ਪਤਾ ਹੈ ਕਿ ਵੱਖ ਵੱਖ ਲੋਕਾਂ 'ਤੇ ਜੁਰਮ ਦਾ ਅਸਰ ਵੱਖ ਵੱਖ ਕਿਸਮ ਦਾ ਹੁੰਦਾ ਹੈ, ਅਤੇ ਲੋਕਾਂ ਦੀਆਂ ਲੋੜਾਂ ਵੀ ਵੱਖ ਵੱਖ ਹੁੰਦੀਆਂ ਹਨ ਅਤੇ ਜੋ ਕੁਝ ਉਹਨਾਂ ਨਾਲ ਵਾਪਰਿਆ ਹੈ ਉਹਦੇ ਨਾਲ ਨਿਪਟਣ ਦੇ ਉਹਨਾਂ ਦੇ ਢੰਗ ਵੀ ਵੱਖ ਵੱਖ ਹੁੰਦੇ ਹਨ। ਵਿਕਟਿਮ ਸੁਪੋਰਟ ਦਾ ਮੰਤਵ ਇਸ ਕੰਮ ਵਿਚ ਤੁਹਾਡੀ ਮਦਦ ਕਰਨਾ ਹੈ।

ਇਹ ਵੀ ਸੱਚ ਹੈ ਕਿ ਅਜਿਹਾ ਸਮਾਂ ਆਉਂਦਾ ਹੈ ਜਦ ਜ਼ਿਆਦਾਤਰ ਲੋਕ ਅਗਾਂਹ ਵਧਣਾ ਚਾਹੁੰਦੇ ਹਨ ਅਤੇ ਵਿਕਟਿਮ ਸੁਪੋਰਟ ਨਾਲ ਬਾਕਾਇਦਾ ਰਾਬਤਾ ਰੱਖਣ ਦੀ ਲੋੜ ਉਹਨਾਂ ਨੂੰ ਨਹੀਂ ਰਹਿੰਦੀ।

**ਜੇ ਤੁਹਾਨੂੰ ਸਾਡੀ ਲੋੜ ਪਏ, ਤਾਂ ਅਸੀਂ ਹਾਜ਼ਿਰ ਹੋਵਾਂਗੇ**
ਇਹ ਜਾਣ ਲੈਣਾ ਜ਼ਰੂਰੀ ਹੈ ਕਿ ਜਦ ਵੀ ਫਿਰ ਤੁਸੀਂ ਚਾਹੋ, ਤੁਸੀਂ ਸਦਾ ਹੀ ਸਾਡੇ ਨਾਲ ਰਾਬਤਾ ਕਰ ਸਕਦੇ ਹੋ, ਭਾਵੇਂ ਇਹ ਕੰਮ ਆਉਣ ਵਾਲੇ ਸਮੇਂ ਵਿਚ ਵੀ ਕਰਨਾ ਪਏ। ਜੇ ਤੁਹਾਨੂੰ ਜਾਂ ਕਿਸੇ ਹੋਰ ਨੂੰ ਸਾਡੀ ਮਦਦ ਦੀ ਲੋੜ ਹੋਵੇ, ਤਾਂ ਅਸੀਂ ਹਾਜ਼ਿਰ ਹੋਵਾਂਗੇ। ਸਾਡੀ ਸੇਵਾ ਦੀ ਵਰਤੋਂ ਕਰਨ ਲਈ ਸਮੇਂ ਦੀ ਕੋਈ ਮਿਆਦ ਨਹੀਂ ਹੈ।

ਕਈ ਵਾਰ, ਸਾਲ ਕੁ ਦਾ ਸਮਾਂ ਬੀਤਣ ਬਾਅਦ ਜਾਂ ਕਿਸੇ ਕੇਸ ਵਿਚ ਨਵੀਆਂ ਤਬਦੀਲੀਆਂ ਆਉਣ ਨਾਲ ਲੋਕਾਂ ਨੂੰ ਜਾਪਦਾ ਹੈ ਕਿ ਵਿਕਿਟਿਮ ਸੁਪੋਰਟ ਨਾਲ ਫਿਰ ਤੋਂ ਰਾਬਤਾ ਕਰਨਾ ਉਹਨਾਂ ਲਈ ਲਾਹੇਵੰਦ ਹੋ ਸਕਦਾ ਹੈ। ਪਰ ਸਾਡੇ ਨਾਲ ਗੱਲ ਬਾਤ ਕਰਨ ਦਾ ਕੋਈ ਖ਼ਾਸ ਕਾਰਨ ਹੋਣਾ ਜ਼ਰੂਰੀ ਨਹੀਂ।

ਵਿਕਟਿਮ ਸੁਪੋਰਟ ਨਾਲ ਗੱਲਬਾਤ ਕਰਨ ਬਾਰੇ ਜਾਣਕਾਰੀ ਇਸ ਪਰਚੇ ਵਿਚ ਅੱਗੇ ਦਿੱਤੀ ਹੋਈ ਹੈ।

ਜੇ ਤੁਸੀਂ ਘਰ ਬਦਲ ਲਓ, ਜਾਂ ਕਿਸੇ ਕਾਰਨ ਤੁਹਾਨੂੰ ਸਾਡੇ ਨਾਲ ਰਾਬਤਾ ਕਰਨ ਬਾਰੇ ਪੱਕਾ ਪਤਾ ਨਾ ਹੋਵੇ, ਤਾਂ ਤੁਸੀਂ ਵਿਕਟਿਮ ਸੁਪੋਰਟਲਾਈਨ ਨੂੰ ਫ਼ੋਨ ਕਰ ਸਕਦੇ ਹੋ। ਵਿਕਿਟਿਮ ਸੁਪੋਰਟਲਾਈਨ ਸਾਡੀ ਕੌਮੀ ਹੈਲਪਲਾਈਨ ਹੈ ਜਿਹਨੂੰ ਫ਼ੋਨ ਕਰਨ ਦਾ ਖ਼ਰਚ ਬਹੁਤ ਘੱਟ ਆਉਂਦਾ ਹੈ। ਜਿਹਨਾਂ ਲੋਕਾਂ 'ਤੇ ਜੁਰਮ ਦਾ ਅਸਰ ਪੈਂਦਾ ਹੈ, ਉਹਨਾਂ ਦੀ ਮਦਦ ਸਾਡੇ ਸਿਖਲਾਈ-ਯਾਫ਼ਤਾ ਸਟਾਫ਼ ਅਤੇ ਵਾਲੰਟੀਅਰ ਪੂਰੀ ਰਾਜ਼ਦਾਰੀ ਨਾਲ ਕਰਦੇ ਹਨ। ਇਹ ਤੁਹਾਡਾ ਰਾਬਤਾ ਤੁਹਾਡੇ ਨੇੜੇ ਦੀ ਵਿਕਟਿਮ ਸੁਪੋਰਟ ਸਕੀਮ ਜਾਂ ਵਿਟਨੈੱਸ ਸਰਵਿਸ ਨਾਲ ਵੀ ਕਰਵਾ ਸਕਦੇ ਹਨ।

Victim Support

**0845 30 30 900**

**ਸਾਥੋਂ ਮਿਲੀ ਸੇਵਾ ਬਾਰੇ ਤੁਹਾਡੇ ਵਿਚਾਰ**
ਵਿਕਟਿਮ ਸੁਪੋਰਟ ਆਪਣੇ ਕੰਮ ਨੂੰ ਹੋਰ ਵਧੀਆ ਬਣਾਉਣ ਦੇ ਢੰਗ ਸਦਾ ਲੱਭਦੀ ਰਹਿੰਦੀ ਹੈ। ਇਸ ਕੰਮ ਵਿਚ ਤੁਹਾਡੀ ਮਦਦ ਲੈਣ ਲਈ, ਅਸੀਂ ਸਾਥੋਂ ਮਿਲਣ ਵਾਲੀ ਸੇਵਾ ਬਾਰੇ ਅਤੇ ਵਿਕਟਿਮ ਸੁਪੋਰਟ ਦੀ ਵਰਤੋਂ ਕਰਨ ਦੇ ਤੁਹਾਡੇ ਤਜਰਬਿਆਂ ਬਾਰੇ ਤੁਹਾਡੇ ਵਿਚਾਰ ਜਾਨਣਾ ਚਾਹਾਂਗੇ।

**Punjabi**
April 2002
ਅਪ੍ਰੈਲ 2002

Victim Support
Helping people cope with crime

ਤੁਸੀਂ ਜਿਹੜੀ ਵੀ ਜਾਣਕਾਰੀ ਸਾਨੂੰ ਦਿਓਗੇ ਉਹਦੀ ਵਰਤੋਂ ਅਸੀਂ ਜੁਰਮ ਦਾ ਨਿਸ਼ਾਨਾ ਬਣਨ ਵਾਲੇ ਲੋਕਾਂ ਨੂੰ ਦੇਣ ਵਾਲੀਆਂ ਸੇਵਾਵਾਂ ਵਿਚ ਸੁਧਾਰ ਕਰਨ ਲਈ ਕਰਾਂਗੇ ਅਤੇ ਇਹ ਜਾਣਕਾਰੀ ਵਿਕਟਿਮ ਸੁਪੋਰਟ ਕੋਲ ਗੁਪਤ ਰਹੇਗੀ।

ਸਾਡੀ ਸੇਵਾ ਬਾਰੇ ਪੇਸ਼ ਕੀਤੇ ਗਏ ਵਿਚਾਰਾਂ ਅਤੇ ਸੁਝਾਵਾਂ ਦੇ ਨਾਲ ਨਾਲ, ਵਿਕਟਿਮ ਸੁਪੋਰਟ ਸ਼ਿਕਾਇਤਾਂ ਬਾਰੇ ਵੀ ਬੜੀ ਗੰਭੀਰਤਾ ਨਾਲ ਵਿਚਾਰ ਕਰਦੀ ਹੈ। ਜੇ ਇਹਦੇ ਬਾਰੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ, ਤਾਂ ਕਿਰਪਾ ਕਰਕੇ ਆਪਣੇ ਨੇੜੇ ਦੀ ਵਿਕਟਿਮ ਸੁਪੋਰਟ ਸਕੀਮ ਨਾਲ ਜਾਂ ਨੈਸ਼ਨਲ ਆਫ਼ਿਸ ਨਾਲ ਗੱਲ ਕਰੋ(ਇਹਦੇ ਬਾਰੇ ਜਾਣਕਾਰੀ ਅੱਗੇ ਦਿੱਤੀ ਹੋਈ ਹੈ)।

**ਤੁਸੀਂ ਜਿਹੜੇ ਮੁੱਦੇ ਉਠਾਉਣਾ ਚਾਹੋ**
ਵਿਅਕਤੀਆਂ ਨੂੰ ਸੇਵਾਵਾਂ ਦੇਣ ਦੇ ਨਾਲ ਨਾਲ, ਵਿਕਟਿਮ ਸੁਪੋਰਟ ਜੁਰਮ ਦੇ ਅਸਰਾਂ ਬਾਰੇ ਲੋਕਾਂ ਦੀ ਸੂਝ ਬੂਝ ਵਿਚ ਵਾਧਾ ਕਰਨ ਵਿਚ ਅਤੇ ਜਰੁਮ ਦਾ ਨਿਸ਼ਾਨਾ ਬਣਨ ਵਾਲੇ ਲੋਕਾਂ ਦੇ ਹੱਕਾਂ ਦਾ ਸਮਰਥਨ ਵੀ ਕਰਦੀ ਹੈ।

ਪਿਛਲੇ ਕੁਝ ਸਾਲਾਂ ਵਿਚ, ਅਸੀਂ ਜੁਰਮ ਦਾ ਨਿਸ਼ਾਨਾ ਬਣਨ ਵਾਲੇ ਲੋਕਾਂ ਅਤੇ ਗਵਾਹਾਂ ਨਾਲ ਹੋਣ ਵਾਲੇ ਵਤੀਰੇ ਨੂੰ ਕਾਫ਼ੀ ਜ਼ਿਆਦਾ ਚੰਗਾ ਕਰਵਾ ਲਿਆ ਹੈ। ਇਸ ਸਫਲਤਾ ਦਾ ਕਾਰਨ ਪੀੜਿਤ ਲੋਕਾਂ ਨਾਲ ਕੰਮ ਕਰਨ ਦੇ ਸਾਡੇ ਤਜਰਬੇ ਤੋਂ ਉਹਨਾਂ ਦੀਆਂ ਲੋੜਾਂ ਅਤੇ ਚਿੰਤਾਵਾਂ ਬਾਰੇ ਸਾਨੂੰ ਮਿਲੀ ਜਾਣਕਾਰੀ ਹੈ।

ਤੁਹਾਡੇ ਵਿਚਾਰ ਸੁਣਨ ਦੀ ਸਾਡੀ ਬੜੀ ਇੱਛਾ ਹੈ। ਕੀ ਕੋਈ ਅਜਿਹੇ ਮੁੱਦੇ ਹਨ ਜਿਹਨਾਂ ਬਾਰੇ ਤੁਹਾਡੇ ਖ਼ਿਆਲ ਅਨੁਸਾਰ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ? ਇਹਨਾਂ ਦਾ ਸੰਬੰਧ ਕ੍ਰਿਮੀਨਲ ਜਸਟਿਸ ਸਿਸਟਮ ਬਾਰੇ ਤੁਹਾਡੇ ਤਜਰਬੇ ਨਾਲ ਵੀ ਹੋ ਸਕਦਾ ਹੈ, ਅਤੇ ਹੋਰ ਸੰਸਥਾਵਾਂ ਅਤੇ ਵਿਅਕਤੀਆਂ ਦੇ ਕੰਮਾਂ ਨਾਲ ਵੀ ਹੋ ਸਕਦਾ ਹੈ।

**ਤੁਸੀਂ ਕਿਸ ਤਰ੍ਹਾਂ ਮਦਦ ਕਰ ਸਕਦੇ ਹੋ?**
ਵਿਕਟਿਮ ਸੁਪੋਰਟ ਜੁਰਮ ਦਾ ਨਿਸ਼ਾਨਾ ਬਣਨ ਵਾਲੇ ਲੋਕਾਂ ਦੀ ਮਦਦ ਕਰਨ ਵਾਲੀ ਕੌਮੀ ਚੈਰਿਟੀ ਹੈ। ਅਸੀਂ ਸੁਤੰਤਰ ਸੰਸਥਾ ਹਾਂ, ਜੋ ਮੁਫ਼ਤ ਸੇਵਾ ਰਾਜ਼ਦਾਰੀ ਨਾਲ ਦਿੰਦੇ ਹਾਂ। ਭਾਵੇਂ ਕਿਸੇ ਜੁਰਮ ਦੀ ਰਿਪੋਰਟ ਕੀਤੀ ਗਈ ਹੋਵੇ ਜਾਂ ਨਾ। ਇਸ ਸੇਵਾ ਨੂੰ ਚਲਦੀ ਰੱਖਣ ਲਈ ਅਸੀਂ ਲੋਕਾਂ ਤੋਂ ਮਿਲਣ ਵਾਲੀ ਮਦਦ 'ਤੇ ਨਿਰਭਰ ਹਾਂ।

ਤੁਸੀਂ ਸਾਡੇ ਕੰਮ ਵਿਚ ਕਈ ਢੰਗਾਂ ਨਾਲ ਸ਼ਾਮਿਲ ਹੋ ਸਕਦੇ ਹੋ, ਜਿਵੇਂ:
- ਵਾਲੰਟੀਅਰ ਬਣਨਾ
- ਦਾਨ ਦੇਣਾ
- ਵਿਕਟਿਮ ਸੁਪੋਰਟ ਦੇ ਸਮਰਥਕ ਬਣਨਾ
- ਸਾਡੇ ਕੰਮ ਦੀ ਮਸ਼ਹੂਰੀ ਕਰਨਾ

**ਦਾਨ ਦੇਣਾ**
ਜੇ ਜੁਰਮ ਦਾ ਨਿਸ਼ਾਨਾ ਬਣਨ ਵਾਲੇ ਲੋਕਾਂ ਲਈ ਹੋਰ ਜ਼ਿਆਦਾ ਕੰਮ ਕਰਨ ਵਿਚ ਤੁਸੀਂ ਸਾਡੀ ਮਦਦ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਸਾਨੂੰ ਅਜਿਹੇ ਢੰਗ ਨਾਲ ਕੋਈ ਦਾਨ ਜਾਂ ਬਾਕਾਇਦਾ ਤੋਹਫ਼ਾ ਦੇ ਸਕਦੇ ਹੋ ਜੋ ਤੁਹਾਡੇ ਲਈ ਸਭ ਤੋਂ ਵੱਧ ਠੀਕ ਹੋਵੇ। ਅਸੀਂ ਤੁਹਾਨੂੰ ਇਹ ਜਾਣਕਾਰੀ ਵੀ ਦੇ ਸਕਦੇ ਹਾਂ ਕਿ ਤੁਸੀਂ ਵਿਕਟਿਮ ਸੁਪੋਰਟ ਲਈ ਵਸੀਅਤ ਵਿਚ ਕੁਝ ਕਿਵੇਂ ਦੇ ਸਕਦੇ ਹੋ।

ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਸਾਡੇ ਨੈਸ਼ਨਲ ਆਫ਼ਿਸ ਵਿਚ ਫ਼ੰਡਰੇਜ਼ਿੰਗ (ਪੈਸੇ ਇਕੱਠੇ ਕਰਨ ਵਾਲੀ) ਟੀਮ ਨਾਲ ਜਾਂ ਆਪਣੇ ਨੇੜੇ ਦੀ ਵਿਕਟਿਮ ਸੁਪੋਰਟ ਬਰਾਂਚ ਨਾਲ ਜਾਂ ਵਿਟਨੈੱਸ ਸਰਵਿਸ ਨਾਲ ਗੱਲ ਕਰੋ।

Victim Support
Helping people cope with crime

**ਆਪਣਾ ਸਮਾਂ ਦੇਣਾ**

ਜੇ ਤੁਸੀਂ ਜਾਂ ਤੁਹਾਡੀ ਜਾਣ ਪਛਾਣ ਵਾਲਾ ਕੋਈ ਵਿਅਕਤੀ ਜੁਰਮ ਦਾ ਨਿਸ਼ਾਨਾ ਬਣਨ ਵਾਲੇ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਮਦਦ ਕਰਨਾ ਚਾਹੇ, ਤਾਂ ਤੁਸੀਂ ਹੁਣ ਜਾਂ ਆਉਣ ਵਾਲੇ ਸਮੇਂ ਵਿਚ ਵਿਕਟਿਮ ਸੁਪੋਰਟ ਦੇ ਵਾਲੰਟੀਅਰ ਬਣਨ ਬਾਰੇ ਵਿਚਾਰ ਕਰ ਸਕਦੇ ਹੋ। ਵਿਕਟਿਮ ਸੁਪੋਰਟ ਦੇ ਵਾਲੰਟੀਅਰ ਕਮਿਉਨਿਟੀ ਦੇ ਹਰ ਹਿੱਸੇ ਅਤੇ ਜ਼ਿੰਦਗੀ ਦੇ ਹਰ ਖੇਤਰ ‘ਚੋਂ ਆਉਂਦੇ ਹਨ। ਉਹਨਾਂ ਵਿਚ ਇੱਕੋ ਸਾਂਝੀ ਗੱਲ ਇਹੋ ਹੈ ਕਿ ਉਹ ਜੁਰਮ ਦਾ ਨਿਸ਼ਾਨਾ ਬਣਨ ਵਾਲੇ ਲੋਕਾਂ ਦੀ ਮਦਦ ਕਰਨਾ ਚਾਹੁੰਦੇ ਹਨ।

ਤੁਹਾਡੇ ਨੇੜੇ ਦੀ ਵਿਕਟਿਮ ਸੁਪੋਰਟ ਜਾਂ ਵਿਟਨੈੱਸ ਸਰਿਵਸ ਤੁਹਾਡੇ ਨਾਲ ਇਹਨਾਂ ਗੱਲਾਂ ਬਾਰੇ ਅਤੇ ਜੁਰਮ ਤੋਂ ਪੀੜਿਤ ਹੋਣ ਦੇ ਤੁਹਾਡੇ ਤਜਰਬਿਆਂ ਬਾਰੇ ਅਤੇ ਵਾਲੰਟੀਅਰ ਬਣਨ ਨਾਲ ਇਹਨਾਂ ਦੇ ਸੰਬੰਧ ਬਾਰੇ ਵੀ ਤੁਹਾਡੇ ਨਾਲ ਵਿਚਾਰ ਕਰ ਸਕਦੇ ਹਨ।

ਤੁਸੀਂ ਹੋਰ ਢੰਗਾਂ ਨਾਲ ਵੀ ਸਾਡੀ ਮਦਦ ਕਰ ਸਕਦੇ ਹੋ। ਜਿਵੇਂ ਸਾਡੇ ਲਈ ਪੈਸੇ ਇਕੱਠੇ ਕਰਕੇ, ਸਾਡੇ ਦਫ਼ਤਰ ਦੇ ਪ੍ਰਬੰਧ, ਤਰਜਮੇ, ਇੰਟਰਪ੍ਰੈਟਿੰਗ ਅਤੇ ਆਈ ਟੀ (ਕੰਮਪਿਊਟਰ ਦੀ ਵਰਤੋਂ) ਵਿਚ ਸਾਡੀ ਮਦਦ ਕਰ ਕੇ।

ਪ੍ਰਕਾਸ਼ਕ: ਵਿਕਟਿਮ ਸੁਪੋਰਟ
ਪ੍ਰਧਾਨ: ਐਚ ਆਰ ਐਚ ਪ੍ਰਿੰਸੈਸ ਰਾਇਲ

Victim Support National Office, Cranmer House,
39 Brixton Road, London, SW9 6DZ
ਟੈਲੀਫ਼ੋਨ: 020 7735 9166 Fax: 020 7582 5712
ਵੈੱਬ: www.victimsupport.org

ਚੈਰਿਟੀ ਰਜਿਸਟ੍ਰੇਸ਼ਨ: 298028 ਕੰਪਨੀ ਨੰਬਰ: 2158780
ਇੰਗਲੈਂਡ ਵਿਚ ਰਜਿਸਟਰਡ ਅਤੇ ਗਾਰੰਟੀ ਰਾਹੀਂ ਲਿਮਿਟਡ
ਰਜਿਸਟਰਡ ਆਫ਼ਿਸ ਦਾ ਪਤਾ ਉੱਪਰ ਦੱਸਿਆ।

**Punjabi**
April 2002
ਅਪ੍ਰੈਲ 2002